ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਕੈਬਨਿਟ ਮੰਤਰੀ ਸੋਨੀ ਨੇ 300 ਪਰਿਵਾਰਾਂ ਲਈ ਭੇਜਿਆ ਰਾਸ਼ਨ

ਅੰਮ੍ਰਿਤਸਰ, 4 ਮਈ ( )-

ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ ਨੇ ਕਰਫਿਊ ਦੇ ਚੱਲਦੇ ਜਰੂਰਤ ਮੰਦ ਲੋਕਾਂ ਲਈ ਪੰਜਾਬ ਸਰਕਾਰ ਵੱਲੋਂ ਜਿਲਾ ਪ੍ਰਸ਼ਾਸ਼ਨ ਦੀ ਅਗਵਾਈ ਹੇਠ ਕੀਤੇ ਜਾ ਰਹੇ ਕੰਮਾਂ ਉਤੇ ਸੰਤਸ਼ੁਟੀ ਪ੍ਰਗਟ ਕਰਦੇ ਕਿਹਾ ਕਿ ਜਿਲੇ ਦੇ ਸਾਰੇ ਅਧਿਕਾਰੀ ਲੋੜਵੰਦ ਲੋਕਾਂ ਦੀ ਮਦਦ ਵਿਚ ਲੱਗੇ ਹੋਏ ਹਨ। ਅੱਜ ਅੰਮ੍ਰਿਤਸਰ ਕੇਂਦਰੀ ਹਲਕੇ ਦੀਆਂ ਅੰਦਰੂਨੀ ਵਾਰਡਾਂ ਦੇ 300 ਲੋੜਵੰਦ ਪਰਿਵਾਰਾਂ ਲਈ ਰਾਸ਼ਨ ਭੇਜਿਆ।

ਸ੍ਰੀ ਸੋਨੀ ਨੇ ਦੱਸਿਆ ਕਿ ਇਸ ਮਾਹਮਾਰੀ ਦੌਰਾਨ ਪੰਜਾਬ ਸਰਕਾਰ ਵਲੋਂ ਲੋੜਵੰਦਾ ਲਈ ਅਨੇਕਾਂ ਉਪਰਾਲੇ ਕੀਤੇ ਗਏ ਹਨ। ਉਨਾਂ ਕਿਹਾ ਕਿ ਕਿਸੇ ਵੀ ਪਰਿਵਾਰ ਨੂੰ ਭੁੱਖਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨਾਂ ਦੱਸਿਆ ਕਿ ਉਨਾ ਵਲੋਂ ਰੋਜ਼ਾਨਾ ਲੋੜਵੰਦ ਪਰਿਵਾਰਾਂ ਲਈ ਰਾਸ਼ਨ ਭੇਜਿਆ ਜਾ ਰਿਹਾ ਹੈ। ਉਨਾਂ ਰਾਸ਼ਨ ਦੀ ਵੰਡ ਕਰ ਰਹੇ ਕਰਮਚਾਰੀਆਂ ਤੇ ਅਧਿਕਾਰੀਆਂ ਦੀ ਵੀ ਪ੍ਰਸੰਸਾ ਕਰਦੇ ਕਿਹਾ ਕਿ ਤੁਹਾਡੇ ਵੱਲੋਂ ਇੰਨਾ ਦਿਨਾਂ ਵਿਚ ਕੀਤਾ ਗਿਆ ਕੰਮ ਇਨਸਾਨੀਅਤ ਦੀ ਸੱਚੀ ਸੇਵਾ ਹੈ। ਅੱਜ ਲੋੜਵੰਦਾਂ ਦੇ ਜੇਕਰ ਚੁੱਲੇ ਬਲ ਰਹੇ ਹਨ ਤਾਂ ਉਹ ਤੁਹਾਡੇ ਕਰਕੇ ਹੀ ਹਨ, ਕਿ ਤੁਸੀਂ ਸਹੀ ਘਰ ਤੇ ਲੋੜ ਵਾਲੇ ਤੱਕ ਹੀ ਪਹੁੰਚ ਕਰ ਰਹੇ ਹੋ। ਸ੍ਰੀ ਸੋਨੀ ਨੇ ਕਿਹਾ ਕਿ ਸਰਕਾਰ ਫਰੰਟ ਲਾਈਨ ਤੇ ਰਹਿ ਕੇ ਕੰਮ ਕਰਨ ਵਾਲੇ ਕੋਰੋਨਾ ਯੋਧਿਆਂ ਦਾ ਸਨਮਾਨ ਕਰੇਗੀ। ਸ੍ਰੀ ਸੋਨੀ ਨੇ ਕਿਹਾ ਕਿ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਵਲੋਂ ਦਿਨ ਰਾਤ ਕੰਮ ਕੀਤਾ ਜਾ ਰਿਹਾ ਹੈ। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਘਰਾਂ ਵਿਚ ਹੀ ਰਹਿਣ ਅਤੇ ਪ੍ਰਸਾਸਣ ਨੂੰ ਆਪਣਾ ਪੂਰਾ ਸਹਿਯੋਗ ਦੇਣ।

ਇਸ ਮੌਕੇ ਸ੍ਰੀ ਵਿਕਾਸ ਸੋਨੀ, ਰਾਘਵ ਸੋਨੀ, ਸ਼ਾਮ ਸੋਨੀ, ਸ੍ਰੀ ਰਮਨ ਕੁਮਾਰ, ਹਾਜ਼ਰ ਸਨ।

ਕੈਪਸ਼ਨ :

ਅੰਮ੍ਰਿਤਸਰ ਕੇਂਦਰੀ ਹਲਕੇ ਲਈ 300 ਪਰਿਵਾਰਾਂ ਲਈ ਰਾਸ਼ਨ ਰਵਾਨਾ ਕਰਦੇ ਸ੍ਰੀ ਓ ਪੀ ਸੋਨੀ।

======

ਦਫਤਰ ਜਿਲਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ

ਆਈ:ਟੀ:ਆਈ ਸਿਖਿਆਰਥਣਾਂ ਨੇ ਪੁਲਿਸ ਮੁਲਾਜਮਾਂ ਲਈ ਤਿਆਰ ਕੀਤੇ ਮਾਸਕ

ਅੰਮ੍ਰਿਤਸਰ, 4 ਮਈ:

ਕਰੋਨਾ ਵਾਇਰਸ ਮਹਾਂਮਾਰੀ ਨੂੰ ਰੋਕਣ ਲਈ ਸਰਕਾਰ ਵੱਲੋਂ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਕਈ ਸਮਾਜਸੇਵੀ ਸੰਸਥਾਵਾਂ ਵੱਲੋਂ ਵੀ ਇਸ ਕੰਮ ਵਿੱਚ ਵੱਧ ਚੜ ਕੇ ਹਿੱਸਾ ਪਾਇਆ ਜਾ ਰਿਹਾ ਹੈ। ਇਸੇ ਹੀ ਲੜੀ ਤਹਿਤ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਬੇਰੀਗੇਟ ਦੀਆਂ ਸਿਖਿਆਰਥਣਾਂ ਵੱਲੋਂ ਹਰ ਰੋਜ ਲੱਗਭੱਗ 700 ਮਾਸਕ ਤਿਆਰ ਕਰਕੇ ਲੋੜਵੰਦਾਂ ਨੂੰ ਦਿੱਤੇ ਜਾ ਰਹੇ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸ੍ਰ ਕਿਰਪਾਲ ਸਿੰਘ ਪ੍ਰਿੰਸੀਪਲ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਨੇ ਦੱਸਿਆ ਕਿ ਤਕਨੀਕੀ ਸਿੱਖਿਆ ਮੰਤਰੀ ਸ੍ਰੀ ਚਰਨਜੀਤ ਸਿੰਘ ਚੰਨੀ ਨੇ ਵਿਭਾਗ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਸੀ ਕਿ ਕੋਰੋਨਾ ਵਾਇਰਸ ਕਾਰਨ ਪੈਦਾ ਹੋਈ ਇਸ ਸੰਕਟਕਾਲੀ ਸਥਿਤੀ ਵਿੱਚ ਵਿਭਾਗ ਵਲੋਂ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ। ਉਨਾਂ ਦੱਸਿਆ ਕਿ ਉਕਤ ਅਪੀਲ ਉਤੇ ਸਟਾਫ ਅਤੇ ਆਈਟੀਆਈ ਦੇ ਵਿਦਿਆਰਥੀਆਂ ਨੇ ਇਹ ਸੇਵਾ ਸ਼ੁਰੂ ਕਰ ਦਿੱਤੀ ਗਈ ਸੀ ਅਤੇ ਵੱਡੀ ਗਿਣਤੀ ਵਿੱਚ ਮਾਸਕ ਬਣਾ ਕੇ ਦਿੱਤੇ ਜਾ ਰਹੇ ਹਨ। ਉਨਾਂ ਦੱਸਿਆ ਕਿ ਸਾਡੇ ਬੱਚਿਆਂ ਨੇ ਬੀਤੇ ਦਿਨ 2000 ਮਾਸਕ ਅੰਮ੍ਰਿਤਸਰ ਸ਼ਹਿਰ ਲਈ ਦਿੱਤੇ ਸਨ। ਉਨਾਂ ਦੱਸਿਆ ਕਿ ਅੱਜ ਸਿਖਿਆਰਥਣਾਂ ਵੱਲੋਂ ਮਾਸਕ ਤਿਆਰ ਕਰਕੇ ਨਾਕੇ ਤੇ ਖੜੇ ਪੁਲਿਸ ਮੁਲਾਜਮਾਂ ਅਤੇ ਸਫਾਈ ਸੇਵਕਾਂ ਵਿੱਚ ਵੰਡੇ ਗਏ ਹਨ।

ਪ੍ਰਿੰਸੀਪਲ ਨੇ ਦੱਸਿਆ ਕਿ ਕੋਰੋਨਾ ਵਾਇਰਸ ਵਿਰੁੱਧ ਜੰਗ ਵਿਚ ਆਪਣਾ ਯੋਗਦਾਨ ਪਾਉਂਦਿਆਂ ਆਈ ਟੀ ਆਈ ਦੇ ਵਿਦਿਆਰਥੀਆਂ ਨੇ ਸਵੈਇੱਛਾ ਨਾਲ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਅਤੇ ਪੰਚਾਇਤਾਂ ਲਈ ਮਾਸਕ ਸਿਲਾਈ ਕਰਨ ਦੀ ਪੇਸ਼ਕਸ਼ ਗਈ ਸੀ ਅਤੇ ਉਨਾਂ ਵੱਲੋਂ ਰੋਜਾਨਾਂ ਲੋੜਵੰਦਾਂ ਲਈ ਮਾਸਕ ਤਿਆਰ ਕੀਤੇ ਜਾ ਰਹੇ ਹਨ। ਉਨਾਂ ਦੱਸਿਆ ਕਿ ਕੁਝ ਸਮਾਜ ਸੇਵੀ ਇਨਾਂ ਮਾਸਕਾਂ ਲਈ ਕੱਚਾ ਮਾਲ ਤੇ ਵਿੱਤੀ ਸਹਾਇਤਾ ਵੀ ਦੇ ਰਹੇ ਹਨ। ਇਸ ਤੋਂ ਇਲਾਵਾ ਵਿਦਿਆਰਥੀਆਂ ਅਤੇ ਆਈਟੀਆਈ ਸਟਾਫ ਨੇ ਖੁਦ ਇਸ ਨੇਕ ਕੰਮ ਆਪਣਾ ਯੋਗਦਾਨ ਪਾਇਆ ਹੈ। ਉਨਾਂ ਅੱਗੇ ਕਿਹਾ ਕਿ ਸਾਰੇ ਬੱਚਿਆਂ ਤੇ ਸਟਾਫ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਸਿਹਤ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਉਹ ਵਿਦਿਆਰਥੀਆਂ ਨੂੰ ਸਮਾਜਿਕ ਦੂਰੀ ਬਣਾਈ ਰੱਖਣ ਅਤੇ ਸਮੇਂ-ਸਮੇਂ ਤੇ ਹੱਥ ਧੋਣ ਦੀ ਸਲਾਹ ਦਿੰਦੇ ਰਹਿਣ।

===

ਕੈਪਸ਼ਨ-- ਆਈ:ਆਈ:ਬੇਰੀ ਗੇਟ ਦੀ ਮੈਡਮ ਰਾਜਵੰਤ ਕੌਰ ਨਾਕੇ ਤੇ ਖੜੇ ਪੁਲਿਸ ਮੁਲਾਜਮਾਂ ਨੂੰ ਮਾਸਕ ਵੰਡਦੇ ਹੋਏ।

==========

ਦਫਤਰ ਜਿਲਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ

ਮਨ ਨੂੰ ਢਾਰਸ ਤੇ ਹੌਸਲਾ ਦਿੰਦੀ ਅੰਮ੍ਰਿਤਸਰ ਦੀ ਵੀਡੀਓ ਇਨੀ ਦਿਨੀਂ ਚਰਚਾ ਵਿਚ

ਮੁੱਖ ਮੰਤਰੀ ਅਤੇ ਕੇਂਦਰੀ ਸ਼ਹਿਰੀ ਹਵਾਬਾਜੀ ਮੰਤਰੀ ਸਮੇਤ ਵੱਡੀਆਂ ਹਸਤੀਆਂ ਨੇ ਵੀ ਆਪਣੇ ਟਵਿਟਰ ਉਤੇ ਸਾਂਝੀ ਕੀਤੀ

-ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਦੀ ਪ੍ਰੇਰਨਾ ਨਾਲ ਤਿਆਰ ਹੋਈ ਇਹ ਵੀਡੀਓ

ਅੰਮ੍ਰਿਤਸਰ, 4 ਮਈ (        )-ਹਰ ਵੇਲੇ ਰੌਣਕਾਂ ਨਾਲ ਭਰੇ ਰਹਿੰਦੇ ਅੰਮ੍ਰਿਤਸਰ ਦੇ ਬਾਜ਼ਾਰ, ਦਿਲ ਨੂੰ ਜੋਸ਼ ਅਤੇ ਹੋਸ਼ ਦਿੰਦੇ ਖਾਲਸਾ ਕਾਲਜ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਰਗੇ ਵਿਦਿਅਕ ਅਦਾਰੇ, ਤਰਾਂ-ਤਰਾਂ ਦੇ ਸੁਆਦ ਨਾਲ ਹਰ ਵੇਲੇ ਲਬਰੇਜ਼ ਰਹਿੰਦੇ ਇੱਥੋਂ ਦੇ ਰੈਸਟੋਰੈਂਟ, ਪੰਜਾਬਣਾਂ ਦੇ ਅੰਦਾਜ਼ ਨੂੰ ਚਾਰ ਚੰਨ ਲਗਾਉਂਦੇ ਕੱਪੜਾ ਸਨਅਤ ਦੇ ਕਾਰੀਗਰ ਅਤੇ ਹਰ ਵੇਲੇ ਮੋਟਰ-ਗੱਡੀਆਂ ਨਾਲ ਭਰੀਆਂ ਰਹਿੰਦੀਆਂ ਇਥੋਂ ਦੀਆਂ ਸੜਕਾਂ ਸਾਰਾ ਕੁੱਝ ਇਸ ਵੇਲੇ ਕੋਵਿਡ 19 ਸੰਕਟ ਦੇ ਚੱਲਦੇ ਬੰਦ ਪਿਆ ਹੈ ਪਰ ਰੱਬ ਦੇ ਘਰ ਗੁਰੂ ਰਾਮਦਾਸ ਜੀ ਦੇ ਦਰਬਾਰ ਤੋਂ ਆਮ ਦੀ ਤਰਾਂ ਧੁਰ ਕੀ ਬਾਣੀ ਦਾ ਅਨੰਦਮਈ ਕੀਰਤਨ ਚੱਲਦਾ ਇਹ ਆਸ ਦਿੰਦਾ ਹੈ ਕਿ ਜਿੰਦਗੀ ਦੇ ਫੁੱਲ ਪਹਿਲਾਂ ਦੀ ਤਰਾਂ ਖਿੜਨਗੇ। ਜਿਵੇਂ ਪਤਝੜ ਮਗਰੋਂ ਬਸੰਤ-ਬਹਾਰ ਦਾ ਮੌਸਮ ਆਉਂਦਾ ਹੈ, ਉਸੇ ਤਰਾਂ ਕੋਵਿਡ ਸੰਕਟ ਦੇ ਗੁਜ਼ਰ ਜਾਣ ਮਗਰੋਂ ਗੁਰੂ ਨਗਰੀ ਦੀਆਂ ਰੌਣਕਾਂ ਫਿਰ ਪਰਤਨਗੀਆਂ। ਸਰਹੱਦੀ ਖੇਤਰ ਵਿਚ ਵੱਸਿਆ ਇਸ ਇਤਹਸਾਕ ਸ਼ਹਿਰ ਨੇ ਕਈ ਵਾਰ ਅਜਿਹੇ ਮੌਕੇ ਵੇਖੇ ਹਨ, ਪਰ ਉਦੋਂ ਫਰਕ ਸਿਰਫ ਇਹ ਸੀ ਕਿ ਦੁਸ਼ਮਣ ਸਾਹਮਣੇ ਸੀ ਅਤੇ ਇਸ ਧਰਤੀ ਦੇ ਜੰਮ-ਪਲ ਕੁਰਬਾਨ ਹੋਣ ਲਈ ਤਿਆਰ। ਅੱਜ ਦੁਸ਼ਮਣ ਅਦ੍ਰਿਸ਼ ਹੈ ਅਤੇ ਅਸੀਂ ਘਰਾਂ ਵਿਚ। ਇਹੀ ਇਸ ਤੋਂ ਜਿੱਤ ਪਾਉਣ ਦਾ ਇਕੋ ਇਕ ਰਾਹ ਹੈ।

ਸ਼ਹਿਰ ਦੇ ਇਨਾਂ ਹਲਾਤਾਂ ਨੂੰ ਬਿਆਨ ਕਰਦੀ ਵੀਡੀਓ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਹੁਰਾਂ ਜਿਲਾ ਪ੍ਰਸ਼ਾਸਨ ਵੱਲੋਂ ਵੀਡੀਓ ਨਿਰਦੇਸ਼ਕ ਪ੍ਰਸਿਧ ਪੱਤਰਕਾਰ ਸ. ਰਵਿੰਦਰ ਸਿੰਘ ਰੋਬਿਨ ਅਤੇ ਫੋਟੋਗ੍ਰਾਫਰ ਸ੍ਰੀ ਰਾਮ ਰਾਜ ਦੀ ਸਹਾਇਤਾ ਨਾਲ ਤਿਆਰ ਕਰਵਾਈ ਹੈ। ਜਿਸ ਵਿਚ ਸ਼ਹਿਰ ਦੀਆਂ ਸਾਰੀਆਂ ਖੂਬਸੂਰਤ ਸਥਾਨਾਂ ਦੇ ਦ੍ਰਿਸ਼ ਤਾਂ ਹਨ, ਪਰ ਉਥੇ ਪਹਿਲਾਂ ਵਰਗੀ ਚਹਿਲ-ਪਹਿਲ ਨਹੀਂ। ਸਾਡੇ ਕੋਰੋਨਾ ਵਾਇਰਸ ਵਿਰੁੱਧ ਫਰੰਟ ਉਤੇ ਲੜਨ ਵਾਲੇ ਪੁਲਿਸ, ਸਿਹਤ ਤੇ ਕਾਰਪੋਰੇਸ਼ਨ ਦੇ ਯੋਧੇ ਆਪਣੀ ਡਿਊਟੀ ਕਰਦੇ ਵਿਖਾਈ ਦਿੰਦੇ ਹਨ। ਕੱਲ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਇਸ ਵੀਡੀਓ ਨੂੰ ਆਪਣੇ ਟਵਿਟਰ ਤੋਂ ਸ਼ੇਅਰ ਕੀਤਾ ਸੀ ਅਤੇ ਅੱਜ ਅਮਰੀਕਾ ਸਥਿਤ ਭਾਰਤ ਦੇ ਦੂਤ ਸ. ਤਰਨਜੀਤ ਸਿੰਘ ਸੰਧੂ ਨੇ। ਗੱਲ ਕੀ ਇਹ ਵੀਡੀਓ ਸੋਸ਼ਲ ਮੀਡੀਆ ਉਤੇ ਚੰਗੀ ਪਸੰਦ ਕੀਤੀ ਜਾ ਰਹੀ ਹੈ। ਇਸ ਵੀਡੀਓ ਦੀ ਪਟਕਥਾ ਲਿਖੀ ਹੈ ਤਜਿੰਦਰ ਤੇਜੀ ਨੇ, ਅਵਾਜ਼ ਲਈ ਸੇਵਾ ਦਿੱਤੀ ਹੈ ਹਰਲੀਨ ਕੌਰ ਨੇ ਅਤੇ ਇਸ ਨੂੰ ਐਡਿਟ ਕੀਤਾ ਹੈ ਨੰਦਨੀ ਨਿਸ਼ਚਲ ਨੇ। ਵਿਸ਼ੇਸ਼ ਗੱਲ ਇਹ ਰਹੀ ਹੈ ਕਿ ਕਿਸੇ ਵੀ ਮਾਹਿਰ ਨੇ ਇਸ ਕੰਮ ਦੀ ਕੋਈ ਇਵਜ਼ਾਨਾ ਨਹੀਂ ਲਿਆ, ਬਲਕਿ ਸੇਵਾ ਰੂਪ ਵਿਚ ਵੀ ਇਸ ਕੰਮ ਨੂੰ ਅੰਜ਼ਾਮ ਦਿੱਤਾ ਹੈ।

==========

ਦਫਤਰ ਜਿਲਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ

ਜ਼ਿਲੇ ਦੀਆਂ ਮੰਡੀਆਂ ਵਿਚੋਂ ਸਵਾ ਤਿੰਨ ਲੱਖ ਟਨ ਮੀਟਰਕ ਟਨ ਕਣਕ ਦੀ ਖਰੀਦ ਟੱਪੀ

ਅੰਮ੍ਰਿਤਸਰ, 4 ਮਈ ( )-ਹੁਣ ਤੱਕ ਜ਼ਿਲੇ ਦੀਆਂ ਮੰਡੀਆਂ ਵਿਚ ਆਈ ਕਰੀਬ ਸਵਾ ਤਿੰਨ ਲੱਖ ਟਨ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਜਾ ਚੁੱਕੀ ਹੈ, ਜਿਸ ਵਿਚੋਂ ਜ਼ਿਆਦਾਤਰ ਸਰਕਾਰੀ ਏਜੰਸੀਆਂ ਵੱਲੋਂ ਹੀ ਕੀਤੀ ਗਈ ਹੈ। ਜਿਲਾ ਖੁਰਾਕ ਸਪਲਾਈ ਕੰਟਰੋਲਰ ਸ. ਲਖਵਿੰਦਰ ਸਿੰਘ ਨੇ ਦੱਸਿਆ ਕਿ ਬੜੀ ਖੁਸ਼ੀ ਤੇ ਤਸੱਲੀ ਦੀ ਗੱਲ ਹੈ ਕਿ ਮੰਡੀਆਂ ਵਿਚ ਸਰਕਾਰ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਤਰਤੀਬ ਬੜੀ ਸੁਰੱਖਿਅਤ ਢੰਗ ਨਾਲ ਕੀਤੀ ਜਾ ਰਹੀ ਹੈ, ਜਿਸ ਨਾਲ ਮੰਡੀ ਵਿਚ ਕਿਸਾਨਾਂ ਜਾਂ ਮਜ਼ਦੂਰਾਂ ਨੂੰ ਮੁਸ਼ਿਕਲ ਪੇਸ਼ ਨਹੀਂ ਆ ਰਹੀ ਅਤੇ ਨਾ ਹੀ ਆਉਣ ਦਿੱਤੀ ਜਾਵੇਗੀ।

ਉਨਾਂ ਦੱਸਿਆ ਕਿ ਬੀਤੀ ਸ਼ਾਮ ਤੱਕ ਮੰਡੀਆਂ ਵਿਚ 327909 ਮੀਟਰਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿਚੋਂ 325240 ਮੀਟ੍ਰਿਕ ਟਨ ਕਣਕ ਦੀ ਖਰੀਦ ਕਰ ਲਈ ਗਈ ਸੀ। ਉਨਾਂ ਦੱਸਿਆ ਕਿ ਬੀਤੀ ਸ਼ਾਮ ਤੱਕ ਆਈ ਕਣਕ ਵਿਚੋਂ ਵਿਚੋਂ ਪਨਗ੍ਰੇਨ ਵੱਲੋਂ 81681 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 70487 ਮੀਟ੍ਰਿਕ ਟਨ, ਪਨਸਪ ਵੱਲੋਂ 67215 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਵਲੋਂ 59787 ਮੀਟ੍ਰਿਕ ਟਨ ਅਤੇ ਕੇਂਦਰ ਸਰਕਾਰ ਦੀ ਏਜੰਸੀ ਐਫ.ਸੀ.ਆਈ. ਵੱਲੋਂ 46070 ਮੀਟ੍ਰਿਕ ਟਨ ਕਣਕ ਖ਼ਰੀਦੀ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਵਪਾਰੀਆਂ ਵੱਲੋਂ 2641 ਮੀਟਰਕ ਟਨ ਕਣਕ ਖਰੀਦੀ ਜਾ ਚੁੱਕੀ ਹੈ।

ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ ਨੇ ਦੱਸਿਆ ਕਿ ਹੁਣ ਤੱਕ ਖਰੀਦ ਕੀਤੀ ਗਈ ਕਣਕ ਵਿਚੋਂ 67 ਫੀਸਦੀ ਕਣਕ ਮੰਡੀਆਂ ਵਿਚੋਂ ਗੁਦਾਮਾਂ ਤੱਕ ਪਹੁੰਚਾਈ ਜਾ ਚੁੱਕੀ ਹੈ ਅਤੇ ਕਿਸਾਨਾਂ ਨੂੰ ਅਦਾਇਗੀ ਵੀ ਨਾਲੋ-ਨਾਲ 48 ਘੰਟਿਆਂ ਦੇ ਅੰਦਰ-ਅੰਦਰ ਕਰਨੀ ਯਕੀਨੀ ਬਣਾਈ ਜਾ ਰਹੀ ਹੈ।

=========

ਦਫਤਰ ਜਿਲਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ

ਫੌਜੀ ਪੇਨਸ਼ਨਰਾਂ ਨੂੰ ਸਲਾਨਾ ਪਹਿਚਾਣ ਲਈ ਡੀਪੀਡੀਓ ਦਫ਼ਤਰ ਆਉਣ ਦੀ ਜਰੂਰਤ ਨਹੀਂ

ਅੰਮ੍ਰਿਤਸਰ, 4 ਮਈ:

ਸ੍ਰ ਹਰਵਿੰਦਰ ਸਿੰਘ ਮਾਨ ਰੱਖਿਆ ਪੈਨਸ਼ਨ ਵੰਡ ਅਫਸਰ (ਡੀ:ਪੀ:ਡੀ:ਓ) ਨੇ ਦੱਸਿਆ ਕਿ ਸਾਰੇ ਪੈਨਸ਼ਨਰ, ਜਿਨਾਂ ਦੀ ਸਲਾਨਾ ਪਹਿਚਾਣ ਕਰੋਨਾ ਮਹਾਂਮਾਰੀ ਦੌਰਾਨ ਲੱਗੇ ਕਰਫਿਊ ਕਾਰਣ ਨਹੀਂ ਹੋ ਸਕੀ ਜਾਂ ਜਿਨਾ ਪੈਨਸ਼ਨਰਾ ਦੀ ਸਲਾਨਾ ਪਹਿਚਾਣ ਮਈ ਮਹੀਨੇ ਵਿੱਚ ਹੋਣੀ ਹੈ ਉਹ ਸਾਰੇ ਪੈਨਸ਼ਨਰ ਆਪਣਾ ਜੀਵਨ ਪ੍ਰਮਾਣ ਸਰਟੀਫਿਕੇਟ ਆਪਣੇ ਪਿੰਡ ਦੇ ਸਰਪੰਚ, ਮਿਊਂਸਪਲ ਕੌਂਸਲਰ,ਸਹਿਰ ਦੇ ਮੇਅਰ, ਜ਼ਿਲਾ ਸੈਨਿਕ ਭਲਾਈ ਅਫ਼ਸਰ, ਤਰਨਤਾਰਨ ਜਾਂ ਅੰਮ੍ਰਿਤਸਰ,ਬੈਂਕ ਮੈਨੇਜਰ ਜਾਂ ਕਿਸੇ ਵੀ ਗਜ਼ਟੇਡ ਅਫ਼ਸਰ ਕੋਲੋਂ ਜ਼ਾਰੀ ਕਰਵਾ ਕੇ ਅਤੇ ਜੀਵਨ ਪ੍ਰਮਾਣ ਸਰਟੀਫਿਕੇਟ ਉਪਰ ਦਸਤਖਤ ਅਤੇ ਜਾਰੀ ਕਰਨ ਵਾਲੇ ਅਧਿਕਾਰੀ ਦੀ ਮੋਹਰ ਲਗਾ ਕੇ ਇਸ ਦਫ਼ਤਰ ਦੇ ਈ-ਮੇਲ ਐਡਰੈੱਸ dpdoamritsar.cgda.nic.in ਤੇ ਈ- ਮੇਲ਼ ਜਾਂ ਹੇਠਾਂ ਲਿਖੇ ਵੱਟਸਐਪ ਨੰਬਰਾਂ ਤੇ ਭੇਜ ਸਕਦੇ ਹਨ ਅਤੇ ਉਨਾਂ ਨੂੰ ਸਲਾਨਾ ਪਹਿਚਾਣ ਲਈ ਦਫਤਰ ਵਿਖੇ ਖੁਦ ਹਾਜ਼ਰ ਹੋਣ ਦੀ ਲੋੜ ਨਹੀਂ ਹੈ ਹੇਠ ਦਿੱਤੇ ਵਟਸਐਪ ਨੰਬਰਾਂ ਤੇ ਸਲਾਨਾ ਪਹਿਚਾਣ ਸਰਟੀਫਿਕੇਟ ਭੇਜ ਸਕਦੇ ਹਨ:- 8146605858, 9876415642, 7307669671, 9971403071

- - - - -